IJCRT.ORG ISSN : 2320-2882

INTERNATIONAL JOURNAL OF CREATIVE RESEARCH THOUGHTS (IJCRT)

An International Open Access, Peer-reviewed, Refereed Journal

# Creation of the Harmony of Spirituality and Science

# ਅਧਿਆਤਮ ਅਤੇ ਵਿਗਿਆਨ ਦੀ ਸੁਮੇਲਤਾ ਦੀ ਸਿਰਜਣਕਾਰੀ (ਨਵਾਂ ਸਿਰਜਿਆ ਮਨੁੱਖ)

**Dr. Lakhvir Lezia**
Assistant Professor
Department of SLLC,(Punjabi)
Central University of Punjab

**(Abstract)**

ਤਰਕ ਦੀ ਕਸੌਟੀ ਉੱਤੇ ਪ੍ਰਕਿਰਤੀ ਦੇ ਰਹੱਸ ਨੂੰ ਸਮਝਣਾ, ਚਿੰਤਨ ਕਰਨਾ ਅਤੇ ਨਵੇਂ-ਨਵੇਂ ਪ੍ਰਯੋਗਾਂ ਦੁਆਰਾ ਵਿਸ਼ਵ ਪੱਧਰ ਉੱਤੇ ਮਾਨਵ ਜਾਤੀ ਲਈ ਨਵੀਂ ਸਭਿਅਤਾ ਨੂੰ ਸਿਰਜਤ ਕਰਨਾ ਵਿਗਿਆਨ ਕਹਾਉਂਦਾ ਹੈ। ਆਦਿ ਮਾਨਵ ਤੋਂ ਲੈ ਕੇ ਸਭਿਅਕ ਮਾਨਵ ਦੇ ਸਫਰ ਦੇ ਦੌਰਾਨ ਅਸੀਂ ਬਹੁਤ ਸਾਰੇ ਪੜਾਵਾਂ ਵਿੱਚੋਂ ਗੁਜਰੇ ਹਾਂ। ਦਰਸ਼ਨ ਸ਼ਾਸਤਰ, ਅਧਿਆਤਮ ਤੇ ਅਧਿਆਤਮਕ ਗ੍ਰੰਥ ਸ੍ਰਿਸ਼ਟੀ ਦੀ ਉਸਤਤ ਨਾਲ ਭਰੇ ਪਏ ਹਨ ਪ੍ਰੰਤੂ ਉਨਾਂ ਨੂੰ ਬਾਹਰੀ ਕਰਮਕਾਂਡ ਤੱਕ ਘਟਾ ਕੇ ਪੇਸ਼ ਕਰਨ ਦੇ ਰੁਝਾਨ ਨੇ ਇਹਨਾਂ ਪ੍ਰਤਿ ਸਾਡੀ ਸੂਝ ਨੇ ਤਿਲਾਂਜਲੀ ਦੇ ਕੇ ਇਹਨਾਂ ਨੂੰ ਅੱਖੋ-ਪਰੋਖੇ ਕਰ ਦਿੱਤਾ। ਇਹੀ ਕਾਰਨ ਹੈ ਕਿ ਇਹ ਸਾਨੂੰ ਖੋਖਲੇ ਪ੍ਰਤੀਤ ਹੋਣ ਲੱਗ ਪਏ। ਅੱਜ ਜਦੋਂ ਅਸੀਂ ਇਸ ਨੂੰ ਵਿਸ਼ੇਸ਼ ਤੇ ਵਿਲੱਖਣ ਦ੍ਰਿਸ਼ਟੀ ਦੁਆਰਾ ਵਿਗਿਆਨ ਦੀ ਟੇਕ ਲੈ ਕੇ ਦੇਖਦੇ ਹਾਂ ਜਾਂ ਇਸ ਨੂੰ ਪੁਨਰ ਪਰਿਭਾਸ਼ਿਤ ਕਰਦੇ ਹਾਂ ਤੇ ਇਸ ਵਿਚਲੀਆਂ ਰਮਜਾਂ ਤੇ ਰਹੱਸਾਂ ਨੂੰ ਵੇਖ ਕੇ ਚਕਾਚੌਂਧ ਹੁੰਦੇ ਹਾਂ। ਇਸ ਦਾ ਪ੍ਰਮੁੱਖ ਕਾਰਨ ਇਹ ਹੈ ਕਿ ਮਾਨਵੀ ਚੇਤਨਾ ਜਿੰਨੀ ਜ਼ਿਆਦਾ ਸੂਖਮਤਾ ਵਿੱਚ ਜਾ ਕੇ ਇਸ ਦੇ ਕਾਰਨ ਤੇ ਸੰਬੰਧਾਂ ਦਾ ਅਧਿਐਨ ਕਰ ਸਕਦੀ ਹੈ, ਓਨਾ ਸ਼ਾਇਦ ਅੱਜ ਤੱਕ ਹੋਰ ਕੋਈ ਵੀ ਪ੍ਰਜਾਤੀ ਨਹੀਂ ਕਰ ਸਕੀ। ਮਾਨਵੀ ਚੇਤਨਾ ਨੇ ਜਿਵੇਂ-ਜਿਵੇਂ ਵਿਕਾਸ ਕੀਤਾ ਉਹ ਇਸ ਵਿੱਚ ਹੋਰ ਗਹਿਰੀ ਉਤਰਦੀ ਚਲੀ ਗਈ। ਇਹੀ ਕਾਰਨ ਹੈ ਕਿ ਅੱਜ ਸਾਡਾ ਵਿਗਿਆਨ ਇੱਕ ਛੋਟੇ ਜਿਹੇ ਅਣੂ ਵਿਚਲੇ ਸੂਖਮ ਤੱਤਾਂ ਦੇ ਸੁਮੇਲ ਨੂੰ ਸਮਝਣ ਦੇ ਸਮਰੱਥ ਹੋ ਸਕਿਆ ਹੈ। ਵਿਗਿਆਨਕ ਜਦੋਂ ਅਤਿ ਸੂਖਮਤਾ ਵੱਲ ਆਪਣੀ ਯਾਤਰਾ ਕਰਦਾ ਹੈ ਤਾਂ ਉਹ ਸ੍ਰਿਸ਼ਟੀ ਦੇ ਗਹਿਨ ਰਹੱਸਾਂ ਨੂੰ ਖੋਜਦਾ ਹੈ। ਅਧਿਆਤਮਿਕਤਾ ਨਾਲ ਇਕਸੁਰਤਾ ਤੇ ਇਕਸਾਰਤਾ ਵਿੱਚ ਸੁਮੇਲ ਪੈਦਾ ਕਰਦਾ ਕਰਕੇ ਉਸ ਵਿਚਲੀ ਵਿਲੱਲਖਣਤਾ ਅਤੇ ਵਿਚਿੱਤਰਤਾ ਨੂੰ ਜਾਨਣ ਤੇ ਮਾਨਣ ਵਿਚ ਮੰਤਰਮੁਗਧ ਹੁੰਦਾ ਹੋਇਆ ਉਸ ਨਾਲ ਇਕਮਿਕਤਾ ਸਥਾਪਿਤ ਕਰ ਲੈਂਦਾ ਹੈ।

**(Key Words)**

**ਅਧਿਆਤਮਕ, ਵਿਗਿਆਨ, ਕੁਦਰਤ, ਰਹੱਸ, ਪ੍ਰਕਿਰਤੀ, ਦਰਸ਼ਨ, ਸ਼ਾਸਤਰ, ਅਰਥਹੀਣ।**

**(Research Paper)**

ਕੁਦਰਤ ਦੇ ਰਹੱਸ ਨੂੰ ਸਮਝਣ ਲਈ ਸਦੀਆਂ ਤੋਂ ਮਨੁੱਖੀ ਪ੍ਰਵਿਰਤੀ ਸੰਘਰਸ਼ਸ਼ੀਲ ਰਹੀ ਹੈ। ਸਮੇਂ ਅਨੁਸਾਰੀ ਸ੍ਰਿਸ਼ਟੀ ਵਿੱਚ ਹੋ ਰਿਹਾ ਪਰਿਵਰਤਨ ਵੀ ਮਾਨਵ ਨੂੰ ਉਸ ਪ੍ਰਤਿ ਚਿੰਤਨ ਕਰਨ ਲਈ ਪ੍ਰੇਰਿਤ ਕਰਦਾ ਹੋਇਆ ਉਸ ਨੂੰ ਆਪਣੇ ਵੱਲ ਆਕਰਸ਼ਿਤ ਵੀ ਕਰਦਾ ਹੈ। ਹੁਣ ਤੱਕ ਦੇ ਇਤਿਹਾਸ ਵਿੱਚ ਮਾਨਵ ਜਿੰਨਾਂ ਪ੍ਰਕਿਰਤੀ ਦੇ ਨੇੜੇ ਹੁੰਦਾ ਗਿਆ, ਜਿਸ ਪੱਧਰ ਤੱਕ ਜਾ ਕੇ ਉਸ ਨੂੰ ਸਮਝਣ ਦੇ ਸਮਰੱਥ ਹੋਇਆ, ਉਸ ਤੋਂ ਕਿਧਰੇ ਜ਼ਿਆਦਾ ਉਸ ਵਿੱਚ ਹੋਰ ਗਹਿਰਾ ਉਤਰਦਾ ਚਲਾ ਗਿਆ। ਇਸ ਦੀ ਗਹਿਰਾਈ ਅਸੀਮ ਹੈ ਅਤੇ ਪਰਤ ਦਰ ਪਰਤ ਇਸ ਵਿੱਚੋਂ ਨਿਤ ਨਵਾਂ ਪ੍ਰਕਿਰਤਿਕ ਸਰਮਾਇਆ ਮਿਲਦਾ ਹੈ, ਜਿਸ ਨੂੰ ਅੱਜ ਅਸੀਂ ਅਧਿਆਤਮ ਵਿੱਚੋਂ ਕੱਢ ਕੇ

ਵਿਗਿਆਨ ਦੀ ਕਸੌਟੀ ਉੱਤੇ ਪਰਖਦੇ ਹਾਂ। ਤਰਕ ਦੀ ਕਸੌਟੀ ਉੱਤੇ ਪ੍ਰਕਿਰਤੀ ਦੇ ਰਹੱਸ ਨੂੰ ਸਮਝਣਾ, ਚਿੰਤਨ ਕਰਨਾ ਅਤੇ ਨਵੇਂ-ਨਵੇਂ ਪ੍ਰਯੋਗਾਂ ਦੁਆਰਾ ਵਿਸ਼ਵ ਪੱਧਰ ਉੱਤੇ ਮਾਨਵ ਜਾਤੀ ਲਈ ਨਵੀਂ ਸਭਿਅਤਾ ਨੂੰ ਸਿਰਜਤ ਕਰਨਾ ਵਿਗਿਆਨ ਕਹਾਉਂਦਾ ਹੈ। ਆਦਿ ਮਾਨਵ ਤੋਂ ਲੈ ਕੇ ਸਭਿਅਕ ਮਾਨਵ ਦੇ ਸਫਰ ਦੇ ਦੌਰਾਨ ਅਸੀਂ ਬਹੁਤ ਸਾਰੇ ਪੜਾਵਾਂ ਵਿੱਚੋਂ ਗੁਜਰੇ ਹਾਂ। ਦਰਸ਼ਨ ਸ਼ਾਸਤਰ, ਅਧਿਆਤਮ ਤੇ ਅਧਿਆਤਮਕ ਗ੍ਰੰਥ ਸ੍ਰਿਸ਼ਟੀ ਦੀ ਉਸਤਤ ਨਾਲ ਭਰੇ ਪਏ ਹਨ ਪ੍ਰੰਤੂ ਉਨਾਂ ਨੂੰ ਬਾਹਰੀ ਕਰਮਕਾਂਡ ਤੱਕ ਘਟਾ ਕੇ ਪੇਸ਼ ਕਰਨ ਦੇ ਰੁਝਾਨ ਨੇ ਇਹਨਾਂ ਪ੍ਰਤਿ ਸਾਡੀ ਸੁਝ ਨੇ ਤਿਲਾਂਜਲੀ ਦੇ ਕੇ ਇਹਨਾਂ ਨੂੰ ਅੱਖੇ-ਪਰੋਖੇ ਕਰ ਦਿੱਤਾ। ਇਹੀ ਕਾਰਨ ਹੈ ਕਿ ਇਹ ਸਾਨੂੰ ਖੋਖਲੇ ਪ੍ਰਤੀਤ ਹੋਣ ਲੱਗ ਪਏ। ਅੱਜ ਜਦੋਂ ਅਸੀਂ ਇਸ ਨੂੰ ਵਿਸ਼ੇਸ਼ ਤੇ ਵਿਲੱਖਣ ਦ੍ਰਿਸ਼ਟੀ ਦੁਆਰਾ ਵਿਗਿਆਨ ਦੀ ਟੇਕ ਲੈ ਕੇ ਦੇਖਦੇ ਹਾਂ ਜਾਂ ਇਸ ਨੂੰ ਪੁਨਰ ਪਰਿਭਾਸ਼ਿਤ ਕਰਦੇ ਹਾਂ ਤੇ ਇਸ ਵਿਚਲੀਆਂ ਰਮਜਾਂ ਤੇ ਰਹੱਸਾਂ ਨੂੰ ਵੇਖ ਕੇ ਚਕਾਚੌਂਧ ਹੁੰਦੇ ਹਾਂ। ਇਸ ਦਾ ਪ੍ਰਮੁੱਖ ਕਾਰਨ ਇਹ ਹੈ ਕਿ ਮਾਨਵੀ ਚੇਤਨਾ ਜਿੰਨੀ ਜ਼ਿਆਦਾ ਸੁਖਮਤਾ ਵਿੱਚ ਜਾ ਕੇ ਇਸ ਦੇ ਕਾਰਨ ਤੇ ਸੰਬੰਧਾਂ ਦਾ ਅਧਿਐਨ ਕਰ ਸਕਦੀ ਹੈ, ਓਨਾ ਸ਼ਾਇਦ ਅੱਜ ਤੱਕ ਹੋਰ ਕੋਈ ਵੀ ਪ੍ਰਜਾਤੀ ਨਹੀਂ ਕਰ ਸਕੀ। ਮਾਨਵੀ ਚੇਤਨਾ ਨੇ ਜਿਵੇਂ-ਜਿਵੇਂ ਵਿਕਾਸ ਕੀਤਾ ਉਹ ਇਸ ਵਿੱਚ ਹੋਰ ਗਹਿਰੀ ਉਤਰਦੀ ਚਲੀ ਗਈ। ਇਹੀ ਕਾਰਨ ਹੈ ਕਿ ਅੱਜ ਸਾਡਾ ਵਿਗਿਆਨ ਇੱਕ ਛੋਟੇ ਜਿਹੇ ਅਣੂ ਵਿਚਲੇ ਸੁਖਮ ਤੱਤਾਂ ਦੇ ਸੁਮੇਲ ਨੂੰ ਸਮਝਣ ਦੇ ਸਮਰੱਥ ਹੋ ਸਕਿਆ ਹੈ। ਵਿਗਿਆਨਕ ਜਦੋਂ ਅਤਿ ਸੁਖਮਤਾ ਵੱਲ ਆਪਣੀ ਯਾਤਰਾ ਕਰਦਾ ਹੈ ਤਾਂ ਉਹ ਸ੍ਰਿਸ਼ਟੀ ਦੇ ਗਹਿਨ ਰਹੱਸਾਂ ਨੂੰ ਖੋਜਦਾ ਹੈ। ਅਧਿਆਤਮਿਕਤਾ ਨਾਲ ਇਕਸੁਰਤਾ ਤੇ ਇਕਸਾਰਤਾ ਵਿੱਚ ਸੁਮੇਲ ਪੈਦਾ ਕਰਦਾ ਕਰਕੇ ਉਸ ਵਿਚਲੀ ਵਿਲੱਲਖਣਤਾ ਅਤੇ ਵਿਚਿੱਤਰਤਾ ਨੂੰ ਜਾਨਣ ਤੇ ਮਾਨਣ ਵਿਚ ਮੰਤਰਮੁਗਧ ਹੁੰਦਾ ਹੋਇਆ ਉਸ ਨਾਲ ਇਕਮਿਕਤਾ ਸਥਾਪਿਤ ਕਰ ਲੈਂਦਾ ਹੈ।

ਵਿਗਿਆਨਿਕ ਤੇ ਅਧਿਆਤਮ ਦੇ ਇਸ ਸੁਮੇਲ ਨੂੰ ਆਪਣੇ ਵਿਗਿਆਨਿਕ ਗਲਪੀ-ਵਿਵੇਕ ਦੀ ਸਿਰਜਨਾ ਕਰਨ ਵਿੱਚ ਰਜਿੰਦਰ ਬਿਬਰਾ ਦਾ ਨਾਵਲ *'ਨਵਾਂ ਸਿਰਜਿਆ ਮਨੁੱਖ'* ਇਸ ਸਫਰ ਦੀ ਸਫਲ ਪੇਸ਼ਕਾਰੀ ਹੈ। **ਡਾ. ਸੁਰਿੰਦਰ ਕੁਮਾਰ ਦਵੇਸ਼ਵਰ ਦਾ ਮੰਨਣਾਂ ਹੈ ਕਿ,** ***ਜਦੋਂ ਕੋਈ ਵੀ ਨਾਵਲਕਾਰ ਸਿਰਜਣਾ ਕਰਦਾ ਹੈ ਤਾਂ ਉਹ ਆਪਣੇ ਅਨੁਭਵ ਨੂੰ ਇੱਕ ਵਿਸ਼ੇਸ਼ ਵਿਧੀ ਦੁਆਰਾ ਪ੍ਰਗਟਾ ਰਿਹਾ ਹੁੰਦਾ ਹੈ। ਇਸ ਪ੍ਰਗਟਾਵੇ ਵਿੱਚ ਨਾ ਕੇਵਲ ਉਸ ਦੇ ਵਾਸਤਵਿਕ ਅਨੁਭਵ ਵਿੱਚ ਆਉਣ ਵਾਲੀਆਂ ਸਥਿਤੀਆਂ ਹੀ ਹੁੰਦੀਆਂ ਹਨ, ਸਗੋਂ ਉਸ ਦੀ ਕਲਪਨਾ ਦੁਆਰਾ ਸਿਰਜੀਆਂ ਹੋਈਆਂ ਸਥਿਤੀਆਂ ਦੇ ਨਾਲ-ਨਾਲ ਉਹ ਰਚਨਾ ਦ੍ਰਿਸ਼ਟੀ ਵੀ ਹੁੰਦੀ ਹੈ ਜਿਹੜੀ ਉਸ ਨੂੰ ਸਿਰਜਣਾਤਮਕ ਕਾਰਜ ਵਿੱਚ ਲੀਨ ਕਰਦੀ ਹੈ ਅਤੇ ਜਿਸ ਰਾਹੀਂ ਰਾਹੀਂ ਉਹ ਆਪਣੀ ਰਚਨਾ ਨੂੰ ਪੇਸ਼ ਕਰਦਾ ਹੈ।*** [1] ਰਜਿੰਦਰ ਬਿਬਰਾ ਇੱਕ ਅਜਿਹਾ ਨਾਵਲਕਾਰ ਹੈ ਜਿਸ ਨੇ ਪੰਜਾਬੀ ਨਾਵਲ ਸਾਹਿਤ ਵਿੱਚ ਆਪਣੀ ਵਿਸ਼ੇਸ਼ ਤੇ ਵਿਲੱਖਣ ਰਚਨਾਤਮਕ ਵਿਧਾ ਦੁਆਰਾ ਦੂਸਰੇ ਨਾਵਲਕਾਰਾਂ ਤੋਂ ਇੱਕ ਵਿੱਥ ਸਥਾਪਿਤ ਕਰਦੇ ਹੋਏ, ਆਪਣੀ ਨਿਵੇਕਲੀ ਪਹਿਚਾਣ ਬਣਾਈ ਹੈ। ਉਸ ਨੇ ਲਗਭਗ ਹੁਣ ਤੱਕ ਦੋ ਦਰਜਨ ਤੋਂ ਉੱਪਰ ਪੁਸਤਕਾਂ ਪੰਜਾਬੀ ਸਾਹਿਤ ਨੂੰ ਭੇਂਟ ਕੀਤੀਆਂ। ਜਿਸ ਵਿੱਚ ਉਹਨਾਂ ਦੇ ਦਸ ਨਾਵਲ ਹਨ ਜੋ ਕਿ ਕ੍ਰਮਵਾਰ ***ਰਿਸ਼ਤੇ*** *(1987),* ***ਸਾਂਝ ਪਰੇ*** *(1989),* ***ਅਲਖ ਜੋਤ****(1990),* ***ਨੌਂ ਮਣ ਲੱਕੜਾਂ*** *(1993),* ***ਕਾਨਿਆ ਦੀ ਛੱਤ*** *(1996),* ***ਨਵਾਂ ਸਿਰਜਿਆ ਮਨੁੱਖ*** *(1998),* ***ਅਰਥਹੀਣ*** *(2004),* ***ਮਿਸ਼ਨ ਗੰਗੋਤਰੀ*** *(2010),* ***ਉਜਵੱਲ ਆਸ਼ਾ*** *(2013)* ***ਅਤੇ ਕਮੋਖ*** *(2018)* ਆਦਿ। ਉਹਨਾਂ ਦੀ ਰਚਨਾ ਵਸਤ ਦਾ ਆਧਾਰ ਵਿਗਿਆਨਕ ਤੇ ਅਧਿਆਤਮਕ ਗਿਆਨ ਦਾ ਸੁਮੇਲ ਬਣਦਾ ਹੈ। ਉਸ ਦਾ ਇਹ ਰਚਨਾ ਵਸਤ ਆਮ ਪਾਠਕ ਵਰਗ ਦੇ ਘੇਰੇ ਵਿੱਚ ਨਹੀਂ ਆਉਂਦਾ, ਕਿਉਂਕਿ ਉਸ ਦਾ ਰਚਨਾ ਜਗਤ ਉਚੇਰੀ ਬੌਧਿਕਤਾ ਤੇ ਡੂੰਘੇਰੇ ਚਿੰਤਨ ਦੀ ਮੰਗ ਕਰਦਾ ਹੈ। ਇਹੀ ਕਾਰਨ ਹੈ ਉਹਨਾਂ ਦੇ ਨਾਵਲ ਆਮ ਪਾਠਕ ਲਈ ਕਥਾਰਸ ਤੋਂ ਸੱਖਣੇ ਪ੍ਰਤੀਤ ਹੁੰਦੇ ਹਨ। ਡਾ. ਸੁਰਿੰਦਰ ਕੁਮਾਰ ਦਵੇਸ਼ਵਰ ਦੇ ਅਨੁਸਾਰ,

> *ਇਸ ਨਾਵਲ ਦੀ ਰਚਨਾ ਵਸਤੂ ਦਾ ਆਧਾਰ ਵਿਗਿਆਨਿਕ ਤੇ ਅਧਿਆਤਮਕ ਗਿਆਨ ਖੇਤਰਾਂ ਦੀਆਂ ਡੂੰਘੀਆਂ ਤੇ ਰਹੱਸਮਈ ਰਮਜਾਂ ਨਾਲ ਜੁੜਿਆ ਹੈ। ਇਹ ਦੋਵੇਂ ਖੇਤਰ ਸਧਾਰਨ ਪੱਧਰ ਦੀ ਬੁੱਧੀ ਵਾਲੇ ਮਨੁੱਖ ਦੀ ਪਹੁੰਚ ਤੋਂ ਉੱਚੇ ਹਨ। ਇਸੇ ਲਈ ਇਹ ਨਾਵਲ ਆਮ ਪੱਧਰ ਤੇ ਪਾਠਕਾਂ ਲਈ ਖੁਸ਼ਕ ਤੇ ਬੋਝਲ ਤਾਂ ਹੋ ਸਕਦਾ ਹੈ, ਪ੍ਰੰਤੂ ਅਰਥਹੀਣ ਨਹੀਂ।*[2]

ਇਸ ਸੰਬੰਧੀ ਕੇ. ਐਲ. ਗਰਗ ਦਾ ਵਿਚਾਰ ਹੈ ਕਿ,

> *ਬਿਬਰੇ ਦੀਆਂ ਕ੍ਰਿਤਾਂ ਦੀ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਉਹ ਪੰਜਾਬੀ ਪਿਰਤ ਤੋਂ ਹਟਵੀਆਂ ਹਨ। ਪਿਰਤ ਤੋਂ ਹਟਵੀਆਂ ਹੋਣ ਕਾਰਨ ਉਹਨਾਂ ਨੂੰ ਪੜ੍ਹਨ ਵਿੱਚ ਪਾਠਕ ਨੂੰ ਥੋੜੀ ਔਖ ਮਹਿਸੂਸ ਹੁੰਦੀ ਹੈ। ਔਖ ਇਸ ਲਈ ਕਿ ਉਹ ਪੰਜਾਬੀ ਪਾਠਕ ਦੀ ਇੱਕ ਨਿਸ਼ਚਿਤ ਚੇਟਕ ਨੂੰ ਤੋੜਦੀਆਂ ਹਨ।*[3]

ਲਿਹਾਜ਼ਾ ਉਹਨਾਂ ਦੀ ਨਿਸ਼ਚਿਤ ਚੇਟਕ ਆਪਣੇ-ਆਪੇ ਵਿਚ ਗ੍ਰਸਤ ਹੈ। ਇਸ ਦਾ ਇਕ ਕਾਰਨ ਇਹ ਵੀ ਮੰਨਿਆ ਜਾ ਸਕਦਾ ਹੈ ਕਿ ਭੌਤਿਕ ਪਦਾਰਥਾਂ ਵਿੱਚ ਗ੍ਰਸਤ ਮਨੁੱਖ ਕਦੇ ਆਪਣੇ-ਆਪੇ ਨੂੰ ਜਾਂ ਆਪਣੇ ਆਲੇ-ਦੁਆਲੇ ਨੂੰ ਜਾਨਣ ਦੀ ਲੋੜ ਮਹਿਸੂਸ ਹੀ ਨਹੀਂ ਕਰਦਾ। ਉਹ ਆਪਣੀ ਤੇ ਆਪਣੇ ਆਲੇ-ਦੁਆਲੇ ਦੀ ਪਹਿਚਾਣ ਸਮਾਜ ਦੁਆਰਾ ਬਣਾਏ ਗਏ ਬਾਹਰੀ ਅਡੰਬਰਾਂ ਦੁਆਰਾ ਨਿਰਧਾਰਿਤ ਜਾਤ-ਪਾਤ, ਅਮੀਰ-ਗਰੀਬ, ਉਚ-ਨੀਚ, ਧਰਮ-ਮਜ਼ਹਬ ਆਦਿ ਨੂੰ ਮੰਨਦਾ ਹੈ। ਮੰਨ ਲੈਣ ਦੀ ਇਹ ਪ੍ਰਕਿਰਿਆ, ਧਾਰਨਾ, ਸੰਕਲਪ ਅੰਦਰ ਤੋਂ ਮਨੁੱਖ ਦੀ ਖੋਜਣ ਵਾਲੀ ਬਿਰਤੀ ਨੂੰ ਮਾਰ ਦਿੰਦੀ ਹੈ। ਜਿਸ ਕਾਰਨ ਸਾਡੀ ਬੁੱਧੀ ਮੰਨਣ ਵਾਲੀ ਬਿਰਤੀ ਉੱਤੇ ਆ ਕੇ ਖੜੋਤ ਦੀ ਸਥਿਤੀ ਵਿੱਚ ਆ ਜਾਂਦੀ ਹੈ, ਜਿੱਥੇ ਉਸ ਲਈ ਤਰਕ ਅਤੇ ਤਰਕ ਵਿਗਿਆਨ ਅਰਥਹੀਣ ਹੋ ਜਾਂਦੇ ਹਨ। ਬਿਬਰਾ ਦੇ ਨਾਵਲ ਨਿਰੰਤਰ ਖੋਜ ਦੀ ਭਾਲ ਵਿੱਚ ਨਵੇਂ ਮਾਰਗ ਤੈਅ ਕਰਨ ਦੀ ਮੰਗ ਕਰਦੇ ਹੋਏ, ਬੌਧਿਕਤਾ ਨੂੰ ਤਿਲਾਂਜਲੀ ਨਹੀਂ ਦਿੰਦੇ, ਸਗੋਂ ਗਹਿਨ

ਬੌਧਿਕਤਾ ਦੀ ਤਾਂਘ ਵਿੱਚ ਨਿਰੰਤਰ ਨਵੀ ਖੋਜ ਦਾ ਸਫਰ ਤੈਅ ਕਰਦੇ ਹੋਏ, ਸ੍ਰਿਸ਼ਟੀ ਦੀ ਸਿਰਜਨਾ ਦੇ ਗੁੱਝੇ ਭੇਦਾਂ ਵਿਚਲੀ ਰਮਜ਼ 'ਚ ਵਿਲੀਨ ਹੋ ਜਾਂਦੇ ਹਨ, ਜਿੱਥੇ ਅਧਿਆਤਮ ਤੇ ਵਿਗਿਆਨ ਵਿਚਲਾ ਅੰਤਰ ਯਥਾਰਥਮਈ ਰੂਪ ਵਿਚ ਉਭਰ ਕੇ ਸਾਹਮਣੇ ਆਉਂਦਾ ਹੈ।

ਮਨੁੱਖੀ ਬੌਧਿਕਤਾ ਦੇ ਵਿਕਾਸ ਦੀ ਇਸ ਨਿਰੰਤਰ ਪ੍ਰਕਿਰਿਆ ਨੂੰ ਵਿਗਿਆਨਿਕ ਪੱਧਰ ਉੱਤੇ ਸਮ੍ਰਿੱਧ ਤੇ ਸ਼ਕਤੀਸ਼ਾਲੀ ਬਣਾਉਣ ਵਾਲੇ ਪ੍ਰਕਰਣਾਂ ਦੇ ਗਲਪੀ ਵਿਵੇਕ ਦੀ ਦਾਸਤਾਂ ਨੂੰ ਬਿਆਨ ਕਰਦਾ ਨਾਵਲ ***'ਨਵਾਂ ਸਿਰਜਿਆ ਮਨੁੱਖ'।*** ਇਸ ਨਾਵਲ ਵਿੱਚ ਨਾਵਲਕਾਰ ਨੇ ਵਿਗਿਆਨਿਕ ਗਲਪੀ ਵਿਵੇਕ ਦੁਆਰਾ ਮਨੁੱਖੀ ਮਨ ਦੀਆਂ ਗਹਿਰਾਈਆਂ ਨੂੰ ਯਥਾਰਥ ਦੀ ਸਤਰ 'ਤੇ ਪਕੜਨ ਦੀ ਸਫਲ ਕੋਸ਼ਿਸ਼ ਕੀਤੀ ਹੈ। ਮਨ ਦੀ ਗਹਿਰਾਈ ਅਧਿਆਤਮ ਤੇ ਵਿਗਿਆਨਿਕ ਪੱਧਰ 'ਤੇ ਇਕਸਾਰਤਾ ਗ੍ਰਹਿਣ ਕਰਦੀ ਹੋਈ, ਸਿਰਜਣਾ ਨੂੰ ਅਮਲੀ ਰੂਪ ਦਿੰਦੀ ਹੈ। ਸੁਖਮਤਾ ਦੀ ਇਹ ਯਾਤਰਾ ਮਾਨਵੀ ਚੇਤਨਾ ਦੀ ਪ੍ਰਚੰਡਤਾ ਵਿੱਚੋਂ ਜਨਮ ਲੈਂਦੀ ਹੈ। ਜੇਕਰ ਇਹ ਮਾਨਵੀ ਚੇਤਨਾ ਨੂੰ ਸਕਾਰਾਤਮਕ ਰੂਪ ਵਿੱਚ ਵਰਤਿਆ ਜਾਵੇ ਤਾਂ ਇਹ ਸਹਿਜ ਤੇ ਸੁਖਾਵਾਂ ਮਾਹੌਲ ਮੁਹੱਈਆ ਕਰਦੀ ਹੈ। ਜੇਕਰ ਇਸ ਨੂੰ ਨਕਾਰਾਤਮਕ ਰੂਪ ਵਿੱਚ ਸਮਾਜ ਵਿਰੋਧੀ ਤਾਕਤਾਂ ਦੇ ਰੂਪ ਵਿੱਚ ਵਰਤਿਆ ਜਾਵੇ ਤਾਂ ਇਹ ਮਨੁੱਖਤਾ ਦਾ ਹੀ ਨਹੀਂ, ਸਗੋਂ ਸਮੁੱਚੀ ਕਾਇਨਾਤ ਦਾ ਘਾਣ ਕਰਦੀ ਹੈ। ਆਦਰਸ਼ ਨੈਤਿਕ-ਕਦਰਾਂ ਕੀਮਤਾਂ ਤੇ ਮੁੱਲ-ਪ੍ਰਬੰਧ ਨੂੰ ਸਿਰਜਿਤ ਕਰਨ ਵਿੱਚ ਸ੍ਰਿਸ਼ਟੀ ਦੁਆਰਾ ਬਣਾਇਆ ਗਿਆ ਇਹ ਮਾਨਵ ਦਿਨ-ਬ-ਦਿਨ ਨਵੀਂ ਸਭਿਅਤਾ ਦੇ ਵਿਕਾਸਕ੍ਰਮ ਵਿੱਚ ਗਲਤਾਨ ਲਾਲਚ ਤੇ ਲਲਕ ਦਾ ਲੋਭੀ ਬਣ ਕੇ ਰਹਿ ਗਿਆ। ਉਸ ਦੇ ਇਸ ਲੋਭ ਨੇ ਸਮੁੱਚੀ ਸ੍ਰਿਸ਼ਟੀ ਨੂੰ ਆਪਣੀ ਗਿਰਫਤ ਵਿੱਚ ਲੈ ਲਿਆ। ਜਿਸ ਕਾਰਨ ਹੁਣ ਤੱਕ ਦੇ ਇਤਿਹਾਸ ਵਿੱਚ ਵਿਸ਼ਵ ਪੱਧਰ 'ਤੇ 5500 ਤੋਂ ਵੱਧ ਲੜਾਈਆਂ ਹੋ ਚੁੱਕੀਆਂ ਹਨ, ਜਿਸ ਨੇ ਸਮੁੱਚੀ ਦੁਨੀਆਂ ਨੂੰ ਆਪਣੀ-ਆਪਣੀ ਰੱਖਿਆ ਲਈ ਸੁਚੇਤ ਤੇ ਸਜੱਗ ਕੀਤਾ। ਇਸ ਸੁਚੇਤਤਾ ਤੇ ਇਸ ਸਜੱਗਤਾ ਵਿੱਚੋਂ ਹੀ ਮਨੁੱਖ ਨੇ ਮਨੁੱਖ ਨੂੰ ਮਾਰਨ ਵਾਲੇ ਅਜਿਹੇ ਹਥਿਆਰਾਂ ਤੇ ਪਰਮਾਣੂ ਬੰਬਾਂ ਦਾ ਅਵਿਸ਼ਕਾਰ ਕੀਤਾ ਜਿਸ ਨੇ ਨਾਗਾਸਾਕੀ ਵਰਗੀ ਭਿਆਨਕ ਤਬਾਹੀ ਕੀਤੀ। ਇਹ ਸਾਰਾ ਅਵਿਸ਼ਕਾਰ ਮਾਨਵੀ ਚੇਤਨਾ ਦੀ ਇਕਾਗਰਤਾ ਤੋਂ ਹੀ ਸੰਭਵ ਹੋ ਸਕਿਆ। ਇਕਾਗਰਤਾ ਦੀ ਅਜਿਹੀ ਨਾਕਾਰਾਤਮਕ ਚੇਤਨਾ ਨੇ ਹੀ ਧਰਮ, ਮਜ਼ਹਬ, ਜਾਤ-ਪਾਤ ਤੇ ਵਰਗ ਵੰਡ ਆਦਿ ਨੂੰ ਪੈਦਾ ਕੀਤਾ। ਇਸ ਵਰਗ ਵੰਡ ਨੇ ਹੀ ਮਨੁੱਖ ਨੂੰ ਪੀੜ੍ਹੀ ਦਰ ਪੀੜ੍ਹੀ ਆਪਣੀ ਗਿਰਫਤ ਵਿੱਚ ਲੈ ਕੇ ਉਸ ਵਿਚਲੇ ਅਣੂ ਨੂੰ ਨਕਾਰਾਤਮਕ ਰੂਪ ਵਿੱਚ ਕੈਦ ਕਰ ਲਿਆ, ਜਿਸ ਨੂੰ ਅੱਜ ਅਸੀਂ ਜੀਨ ਕਹਿੰਦੇ ਹਾਂ।

ਬਿਬਰਾ ਨੇ ਆਪਣੇ ਇਸ ਨਾਵਲ ਵਿੱਚ 12 ਅਜਿਹੇ ਵਿਸ਼ੇਸ਼ੱਗਯ (ਅਰਥਾਤ ਛੇ ਜੋੜਿਆਂ ਦੀ) ਦੀ ਚੋਣ ਕੀਤੀ ਹੈ ਜੋ ਸ੍ਰਿਸ਼ਟੀ ਦੀਆਂ ਤੈਹਾਂ ਨੂੰ ਸਮਝਣ ਦੀ ਵਿਸ਼ੇਸ਼ ਸਮਰੱਥਾ ਰੱਖਦੇ ਹਨ। ਇਸ ਨਾਵਲ ਵਿੱਚ ਉਸ ਨੇ ਸਨਾਤਨੀ ਸੰਸਕ੍ਰਿਤ ਤੋਂ ਲੈ ਕੇ ਮਾਨਵ ਵਿਗਿਆਨ, ਸਮਾਜ ਸ਼ਾਸਤਰ, ਬ੍ਰਹਿਮੰਡ, ਖਗੋਲ ਵਿੱਦਿਆ, ਜਨੈਟਿਕ ਗਿਆਨ, ਡਾਇਮੈਨਸ਼ਨ ਅਰਥਾਤ ਦਿਸ਼ਾਵਾਂ ਦਾ ਅਧਿਐਨ, ਸਰੀਰਕ ਗਿਆਨ ਅਤੇ ਸੰਗੀਤ ਆਦਿ ਦਾ ਅਧਿਐਨ ਕਰਨ ਵਾਲੇ ਚੋਟੀ ਦੇ ਸਾਇੰਸਦਾਨ ਉਸ ਦੇ ਨਾਵਲ ਵਿਚਲੇ ਪਾਤਰ ਹਨ। ਇਹ ਪਾਤਰ ਬ੍ਰਹਿਮੰਡ ਤੋਂ ਲੈ ਕੇ ਮਾਨਵ ਤੇ ਸਮਾਜ ਵਿਗਿਆਨ ਤੱਕ ਦੇ ਵਿਕਾਸ ਪੜਾਵਾਂ ਨੂੰ ਭਲੀਭਾਂਤ ਸਮਝਦੇ ਹਨ, ਇਸ ਲਈ ਉਹ ਸ੍ਰਿਸ਼ਟੀ ਵਿਚਲੇ ਵਿਕਾਸ ਕ੍ਰਮ ਨੂੰ ਆਪਣੇ ਨਾਵਲ ਦੇ ਵੱਖਰੇ-ਵੱਖਰੇ ਭਾਗਾਂ ਵਿੱਚ ਪੇਸ਼ ਕਰਦੇ ਹਨ। ਕੁਦਰਤ ਨੂੰ ਅਤੇ ਕੁਦਰਤ ਵੱਲੋਂ ਬਣਾਈ ਗਈ ਹਰ ਸ਼ੈਅ ਨੂੰ ਮਾਨਣ ਅਤੇ ਜਾਨਣ ਦਾ ਆਰੰਭ ਉਸ ਦੀ ਬਾਹਰੀ ਪ੍ਰਕਿਰਿਆ ਤੋਂ ਆਰੰਭ ਹੁੰਦਾ ਹੈ। ਆਮ ਲੋਕ ਜਾਂ ਉਹਨਾਂ ਦੀ ਖਾਹਿਸ਼ ਕੇਵਲ ਬਾਹਰੀ ਜਗਤ ਤੱਕ ਹੀ ਸਿਮਟ ਕੇ ਰਹਿ ਜਾਂਦੀ ਹੈ। *ਇਹੀ ਕਾਰਨ ਹੈ ਕਿ ਆਮ ਲੋਕਾਂ ਲਈ ਤਨ ਕੇਵਲ ਆਯਾਸ਼ੀ ਦਾ ਸਾਧਨ ਏ, ਜਦੋਂ ਕਿ ਸਾਧਕਾਂ ਲਈ ਤਨ ਕੇਵਲ ਕਿਰਿਆ ਦਾ ਸਾਧਨ ਏ। ਆਮ ਆਦਮੀ ਲਈ ਤਨ ਦੀਆਂ ਜਰੂਰਤਾਂ ਹੀ ਸਭ ਕੁਝ ਹਨ। ਇਸੇ ਲਈ ਤਨ ਹੀ ਉਹਨਾਂ ਦਾ ਕੇਂਦਰ ਬਿੰਦੂ ਬਣ ਜਾਂਦਾ ਹੈ ਅਤੇ ਸੁੰਦਰਤਾ ਵੀ ਉਹਨਾਂ ਨੂੰ ਤਨ ਵਿੱਚੋਂ ਭਾਉਂਦੀ ਹੈ। ਇਸ ਦੇ ਵਿਪਰੀਤ ਵਿਸ਼ੇਸ਼ੱਗਯ ਜਾਂ ਸਾਧਕ ਜਿਨਾਂ ਦੀਆਂ ਖੋਜਾਂ ਦਾ ਮਾਧਿਅਮ ਕੇਵਲ ਦਿਮਾਗ ਹਨ, ਇਸ ਲਈ ਉਹਨਾਂ ਦਾ ਕੇਂਦਰ ਬਿੰਦੂ ਵੀ ਦਿਮਾਗ ਜਾਂ ਮਨ ਹੀ ਹੋਵੇਗਾ ਅਤੇ ਸੁੰਦਰਤਾ ਵੀ ਮਨਾਂ ਵਿੱਚ ਹੀ ਭਾਵੇਗੀ।*[4]

ਇਸ ਸਬੰਧੀ ਡਾ. ਯਾਕੂਬ ਦਾ ਮੰਨਣਾ ਹੈ ਕਿ,

> *ਖਾਸ ਧਿਆਨ ਵਿੱਚ ਲਿਆਉਣ ਵਾਲੀ ਗੱਲ ਇਹ ਹੈ ਕਿ ਆਵਾਜ਼ਾਂ ਅਸੀਂ ਉਹੀ ਸੁਣ ਰਹੇ ਹਾਂ, ਜਿਨਾਂ ਬਾਰੇ ਸਾਡਾ ਮਨ ਪਹਿਲਾਂ ਹੀ ਸੁਚੇਤ ਏ ਅਤੇ ਅਸੀਂ ਉਹੀ ਵੇਖ ਰਹੇ ਹਾਂ ਜਿਨਾਂ ਚੀਜ਼ਾਂ ਬਾਰੇ ਸਾਡਾ ਮਨ ਪਹਿਲਾਂ ਹੀ ਸੁਚੇਤ ਏ।*[5]

ਇਹ ਸਾਡੇ ਮਨ ਦੀ ਇਕਾਗਰਤਾ ਦੀ ਪੱਧਰ ਹੀ ਹੈ ਜੋ ਇਸ ਨੂੰ ਵੱਖ-ਵੱਖ ਤੈਹਾਂ ਵਿੱਚ ਜਾ ਕੇ ਵੇਖਦੀ ਹੈ,ਪ੍ਰੰਤੂ ਇਸ ਵਿਚ ਮਨੁੱਖੀ ਮਨ ਕੇਵਲ ਉਹੀ ਤੈਹਾਂ ਨੂੰ ਪਕੜਨ ਵਿਚ ਸਫਲ ਹੋਵੇਗਾ ਜਿਹੜਾ ਪਹਿਲਾਂ ਹੀ ਉਸ ਦੇ ਅਵਚੇਤਨ ਵਿਚ ਲੁਪਤ ਹੋਵੇਗਾ। ਅਧਿਆਤਮਕਤਾ 'ਚ ਲੁਪਤ ਨੂੰ ਹੀ ਰੱਬੀ ਰਹੱਸ ਕਿਹਾ ਜਾਂਦਾ ਹੈ, ਜਿਸ ਨੂੰ ਜਾਨਣ ਲਈ ਮਨ ਦੀਆਂ ਪਰਤਾਂ ਨੂੰ ਖੋਲਣਾ ਹੈ ਜਿਸ ਵਿਚ ਲੁਪਤ ਸਾਕਾਰ ਰੂਪ 'ਚ ਪੇਸ਼ ਹੋ ਸਕੇ, ਇਹੀ ਲੁਪਤ ਹੋਏ ਨੂੰ ਖੋਜਣਾ ਹੀ ਸਾਇੰਸ ਦਾ ਵਿਸ਼ਾ ਹੈ।

> *ਸਾਇੰਸ ਅਤੇ ਗਿਆਨ ਵਿੱਚ ਕੋਈ ਬਹੁਤਾ ਫਰਕ ਨਹੀਂ, ਫਰਕ ਕੇਵਲ ਗਿਆਨ ਤੇ ਅਗਿਆਨਤਾ ਵਿੱਚ ਹੈ। ਵੈਸੇ ਵੀ ਜਿਸ ਨੂੰ ਅਸੀਂ ਅੱਜ ਅਗਿਆਨਤਾ ਕਹਿੰਦੇ ਹਾਂ ਉਹ ਕਦੇ ਕਿਸੇ ਹੋਰ ਕਾਲ ਵਿੱਚ ਗਿਆਨਤਾ ਦਾ ਸਤਰ ਸੀ। ਜਿਉਂ ਜਿਉਂ ਗਿਆਨ ਦੇ ਸਤਰ ਦਾ ਪਸਾਰਾ ਹੁੰਦਾ ਜਾਂਦਾ ਹੈ, ਉਸੇ ਤਰ੍ਹਾਂ ਹੀ ਵਿਗਿਆਨ ਦੀ ਸਪਸ਼ਟਤਾ ਹੁੰਦੀ ਹੈ। ਭੌਤਿਕ ਵਿਗਿਆਨੀ ਕਦੇ ਤਿੰਨ ਡਾਇਮੈਂਨਸ਼ਨਾਂ ਨੂੰ ਮੰਨਦੇ ਸਨ। ਫਿਰ ਚਾਰ ਦਾ ਗਿਆਨ ਹੋਇਆ ਅਤੇ ਹੁਣ ਤੁਸੀਂ ਅੱਠ ਦੇ ਬਾਰੇ ਜਾਣ ਚੁੱਕੇ ਹਨ ਅਤੇ ਨੌਵੀਂ ਦੀ ਖੋਜ ਵਿੱਚ ਹੋ ਜਦੋਂ ਕਿ ਦੂਜੇ ਬੁੱਧੀਜੀਵੀ ਅਜੇ ਵੀ ਚਾਰ ਦੇ ਬਾਰੇ ਚੇਤੰਨ ਹਨ।-------- ਅਸੀਂ ਜਿਸ ਤੱਥ ਬਾਰੇ ਚੇਤੰਨ ਹੋ ਜਾਂਦੇ ਹਾਂ, ਉਹੀ ਸਾਡਾ ਵਿਗਿਆਨ ਹੈ। ਗਿਆਨ ਤਾਂ ਸਦਾ ਹੀ ਸੀ*

*ਪਰੰਤੂ ਵਿਸ਼ਿਆਂ ਦਾ ਗਿਆਨ, ਯੁੱਗ ਦੀ ਸਮਰੱਥਾ ਅਤੇ ਲੋੜ ਅਨੁਸਾਰ ਹੁੰਦਾ ਹੈ। ਇਸ ਲਈ ਤੁਹਾਡੀ ਅੱਠ ਜਾਂ ਨੌਂ ਡਾਇਮੈਂਨਸ਼ਨਾ ਵਾਲੀ ਗੱਲ ਅਜੇ ਕੋਈ ਨਹੀਂ ਸਮਝੇਗਾ। ਇਕੀਵੀਂ ਸਦੀ ਵਿੱਚ ਜ਼ਰੂਰ ਸਮਝਣ ਦੇ ਯੋਗ ਹੋ ਜਾਣਗੇ।*[6]

ਪ੍ਰਕਿਰਤੀ ਦੇ ਰਹੱਸ ਨੂੰ ਜਾਨਣ ਦੀਆਂ ਆਪਣੀਆਂ ਅਵਸਥਾਵਾਂ ਹਨ, ਜੋ ਮਨ ਦੇ ਪੜਾਵਾਂ ਵਿੱਚ ਦੀ ਗੁਜ਼ਰਦੀਆਂ ਹਨ। ਕਿਸੇ ਵੀ ਸੱਭਿਅਤਾ ਤੇ ਸੰਸਕ੍ਰਿਤੀ ਦੇ ਵਿਕਾਸ ਪ੍ਰਕਿਰਿਆ ਦਾ ਅੰਦਾਜ਼ਾ ਉਸ ਦੇ ਸਾਹਿਤ, ਕਲਾ ਅਤੇ ਸੰਗੀਤ ਤੋਂ ਲਗਾਇਆ ਜਾਂਦਾ ਹੈ। ***ਇੱਥੋਂ ਤੱਕ ਕਿ ਵੈਦਿਕ ਕਾਲ ਦੀ ਅਸਲੀ ਸੱਭਿਅਤਾ ਸਰਸਵਤੀ ਨਦੀ ਦੇ ਕੰਢੇ ਕੰਢੇ ਵਧੀ ਫੁੱਲੀ ਇਹ ਦੋਵਾਂ ਸੱਭਿਅਤਾਵਾਂ ਤੋਂ ਪੁਰਾਣੀ ਸੀ।*** *ਰੱਬ, ਈਸ਼ਵਰ, ਭਗਵਾਨ, ਪੈਗੰਬਰ, ਇਹ ਧਰਮਾਂ ਦੇ ਵਿਸ਼ੇ ਹਨ, ਵਿਗਿਆਨੀਆਂ ਦੇ ਨਹੀਂ। ਸੰਸਾਰ ਵਿੱਚ, ਇਸ ਵੇਲੇ ਜੋ ਧਰਮ ਪ੍ਰਚਲਿਤ ਹਨ, ਉਹਨਾਂ ਦੀ ਸ੍ਰੇਸ਼ਟਤਾ ਉਹਨਾਂ ਦੇ ਪੈਗੰਬਰਾਂ ਕਾਰਨ ਨਹੀਂ, ਬਲਕਿ ਸ਼ਰਧਾਲੂਆਂ ਵੱਲੋਂ ਉਸਾਰੇ ਮਹਿਲਾਂ ਦੇ ਆਕਰਸ਼ਣ ਕਾਰਨ ਏ। ਜੇ ਸਮਝਿਆ ਜਾਵੇ ਤਾਂ ਮਾਨਵ ਧਰਮ ਅਤੇ ਵਿਗਿਆਨ ਦੀ ਸਾਂਝ ਹੀ, ਇਸ ਦੇ ਵਿਕਾਸ ਦਾ ਕਾਰਨ ਵੀ ਹੈ ਅਤੇ ਨਿਸ਼ਾਨਾ ਵੀ।*[6] ਜਦੋਂ ਸੋਫੀ ਪੁੱਛਦੀ ਹੈ ਕਿ ਸਾਇੰਸ ਅਤੇ ਅਧਿਆਤਮਿਕਤਾ ਵਿੱਚ ਕੀ ਅੰਤਰ ਹੈ? ਤਾਂ ਉਸ ਨੂੰ ਜਵਾਬ ਮਿਲਦਾ ਹੈ, *ਕੁਝ ਨਹੀਂ, ਸੋਫੀ ਬੇਟੀ, ਸਾਇੰਸ ਨੂੰ ਜਦੋਂ ਵਿਨਾਸ਼ ਵੱਲੋਂ ਮੋੜ ਕੇ, ਵਿਕਾਸ ਦੀ ਰਾਹ ਵੱਲ ਲਗਾਇਆ ਜਾਂਦਾ ਹੈ ਤਾਂ ਇਸ ਨੂੰ ਅਧਿਆਤਮਕਤਾ ਆਖਦੇ ਹਨ। ਜੋ ਫਰਕ ਮਸ਼ੀਨ ਅਤੇ ਇਨਸਾਨ ਵਿਚ ਏ, ਉਹੀ ਸਾਇੰਸ ਅਤੇ ਅਧਿਆਤਮਕਤਾ ਵਿੱਚ ਏ। ਮਸ਼ੀਨ ਭਾਵ ਰਹਿਤ ਹੁੰਦੀ ਏ, ਜਦੋਂ ਕਿ ਇਨਸਾਨ ਭਾਵਸ਼ੀਲ। ਕਰਮ ਦੇ ਮਕਸਦ ਦੀ ਦਿਸ਼ਾ ਜਦੋਂ ਪਵਿੱਤਰ ਬਣ ਜਾਂਦੀ ਹੈ, ਸਾਇੰਸ ਦੀ ਸਾਂਝ ਆਪਣੇ-ਆਪ ਅਧਿਆਤਮਕ ਹੋ ਜਾਂਦੀ ਹੈ।*[7]

ਇਸ ਵਿੱਚ ਕੋਈ ਅਤਕਥਨੀ ਨਹੀਂ ਹੈ ਕਿ ਵਿਸ਼ਵ ਪੱਧਰ 'ਤੇ ਸਾਇੰਸ ਨੇ ਬਹੁਤ ਤਰੱਕੀ ਕੀਤੀ ਹੈ। ਇਸ ਤਰੱਕੀ ਸਦਕਾ ਮਾਨਵ ਜਾਤੀ ਅੱਜ ਭੌਤਿਕ ਪੱਧਰ 'ਤੇ ਵਿਕਾਸ ਦੀ ਚਰਮ ਸੀਮਾ 'ਤੇ ਹੈ। ***ਵਿਸ਼ਵ ਦਾ 'ਨਵ-ਉਦਾਰ ਆਰਥਿਕ ਵਿਸ਼ਵੀਕਰਨ' ਅਤਿ ਵਿਕਸਿਤ ਪੂੰਜੀਵਾਦ ਦਾ ਹੀ ਇਕ ਨਵਾਂ ਰੂਪ ਹੈ ਜਿਹੜਾ ਆਪਣੇ ਆਰਥਿਕ ਨਿਯੰਤਰਣ ਅਤੇ ਸੈਨਿਕ ਸ਼ਕਤੀ ਰਾਹੀਂ ਗਰੀਬ, ਪਛੜੇ ਅਤੇ ਵਿਕਾਸਸ਼ੀਲ ਦੇਸ਼ਾਂ ਉੱਤੇ ਆਪਣਾ ਗਲਬਾ ਪਾ ਕੇ ਉਹਨਾਂ ਦਾ ਆਰਥਿਕ ਸ਼ੋਸ਼ਣ ਕਰ ਰਿਹਾ ਹੈ। ਇਸ ਦੇ ਸਿੱਟੇ ਵਜੋਂ ਗਰੀਬ, ਪੱਛੜੇ ਅਤੇ ਭਾਰਤ ਵਰਗੇ ਵਿਕਾਸਸ਼ੀਲ ਦੇਸ਼ਾਂ ਵਿੱਚ ਜੋ ਆਰਥਿਕ ਤੇ ਸਮਾਜਿਕ ਪੱਧਰ ਉੱਤੇ ਵਿਗਾੜ, ਵਿਚਾਲਨ, ਵਿਰੋਧ ਅਤੇ ਬਦ-ਅਮਨੀ ਪੈਦਾ ਹੋਈ ਹੈ ਸਮਕਾਲੀ ਪੰਜਾਬੀ ਨਾਵਲ ਉਸ ਦੇ ਸੱਚ ਨੂੰ ਵੀ ਭਰਮੇ ਰੂਪ ਵਿੱਚ ਨਿਰੂਪਤ ਕਰਦਾ ਹੈ।***[8] ਪ੍ਰੰਤੂ ਕੀ ਹੈ ਇਹ ਵਿਕਾਸ ਮਾਨਵ ਪੱਖੀ ਜਾਂ ਮਾਨਵ ਦੋਖੀ? ਕੀ ਇਹ ਵਿਕਾਸ ਮਾਨਵ ਜਾਤੀ ਲਈ ਸਹਾਇਕ ਸਿੱਧ ਹੋ ਰਿਹਾ ਹੈ ਜਾਂ ਫਿਰ ਉਸ ਨੂੰ ਇਸ ਦਾ ਭੁਗਤਾਨ ਆਪਣੀਆਂ ਜ਼ਿੰਦਗੀਆਂ ਖਰਾਬ ਕਰਨ ਤੱਕ ਲਿਜਾ ਰਿਹਾ ਹੈ? ਵਾਸਤਵ ਵਿੱਚ ਸਾਡੇ ਪੂਰਵਜਾਂ ਦੇ ਅਧਿਆਤਮ ਗਿਆਨ ਦਾ ਜਿਸ ਤਰ੍ਹਾਂ ਦੁਰਪਯੋਗ ਇਸ ਸੰਸਾਰ ਵਿੱਚ ਹੋਇਆ ਉਸੇ ਤਰ੍ਹਾਂ ਹੀ ਸਾਡੇ ਚੋਟੀ ਦੇ ਵਿਗਿਆਨਕਾਂ ਦਾ ਇਸਤੇਮਾਲ ਵੀ ਸਰਮਾਏਦਾਰ ਆਪਣੇ ਨਿੱਜੀ ਲਾਭ ਲਈ ਕਰਦੇ ਹਨ। ਜਿਨਾਂ ਦੇ ਕਾਰਜ ਸਦਕਾ ਉਨਾਂ ਦੀ ਇੱਕ ਦੂਸਰੇ ਦੇ ਦੇਸ਼ਾਂ ਪ੍ਰਤਿ ਵੱਧ ਰਹੀ ਵਿਰੋਧਤਾ ਦੀ ਭਾਵਨਾ ਇੱਕ ਦੂਜੇ ਉੱਤੇ ਕਾਬਜ਼ ਹੋਣ ਲਈ ਪ੍ਰੇਰਿਤ ਕਰਦੀ ਹੈ। ਇਸ ਕਾਰਜ ਲਈ ਉਹ ਅੱਜ ਦੇ ਸਮੇਂ ਵਿੱਚ ਸਾਡੇ ਸਾਇੰਸਦਾਨਾਂ ਦਾ ਸਹਾਰਾ ਲੈ ਕੇ ਉਨਾਂ ਪਾਸੋਂ ਅਜਿਹੇ ਮਾਨਵ ਵਿਰੋਧੀ ਹਥਿਆਰ ਤੇ ਪਰਮਾਣੂਆਂ ਦਾ ਅਵਿਸ਼ਕਾਰ ਕਰਵਾ ਰਹੇ ਹਨ, ਜੋ ਕੁਝ ਪਲਾਂ ਵਿੱਚ ਨਹੀਂ, ਸਗੋਂ ਸਕਿੰਟਾਂ ਵਿਚ ਹੀ ਸਮੁੱਚੀ ਦੁਨੀਆਂ ਤੇ ਦੁਨੀਆਂ ਦੀਆਂ ਸਭਿਅਤਾਵਾਂ ਦਾ ਵਿਨਾਸ਼ ਕਰਨ ਲਈ ਤਿਆਰ ਬਰ ਤਿਆਰ ਹਨ। ਮਾਨਵੀ ਚੇਤਨਾ ਜਾਂ ਮਨ ਇਸ ਪੱਧਰ ਤੱਕ ਵਿਕਾਸ ਕਰ ਚੁੱਕਾ ਹੈ ਕਿ ਉਸ ਅੰਦਰ ਮੌਜੂਦ ਛੋਟੇ ਤੋਂ ਛੋਟੇ ਅਣੂ ਦੀਆਂ ਪਰਤਾਂ ਉਸ ਨੂੰ ਉਸ ਦੇ ਮੁੱਢ ਕਦੀਮ ਨਾਲ ਜੋੜ ਦਿੰਦੀਆਂ ਹਨ, ਜਿੱਥੇ ਸਾਇੰਸ ਦੇ ਸੱਚ ਦਾ ਸੁਮੇਲ ਉਸ ਨੂੰ ਅਧਿਆਤਮ ਮਾਰਗ ਤੇ ਲੈ ਆਉਂਦਾ ਹੈ। ਤਰਕ ਦੀ ਕਸੌਟੀ ਉੱਤੇ ਕੀਤੀ ਗਈ ਹਰ ਖੋਜ ਜੋ ਮਨੁੱਖਤਾ ਦੀ ਭਲਾਈ ਲਈ ਇਸਤੇਮਾਲ ਹੁੰਦੀ ਹੈ, ਵਾਸਤਵ ਵਿੱਚ ਉਹੀ ਅਧਿਆਤਮ ਦੇ ਗਿਆਨ ਦਾ ਮਾਰਗ ਹੈ, ਜੋ ਵਿਸ਼ਵ ਨੂੰ ਸਾਕਾਰਤਮਕ ਰੂਪ ਵੱਲ ਚਲਣ ਲਈ ਪ੍ਰੇਰਿਤ ਕਰਦਾ ਹੈ। ਅਸਲ ਵਿੱਚ ਅਧਿਆਤਮ ਤੇ ਵਿਗਿਆਨ ਦੋਵਾਂ ਦੇ ਗਿਆਨ ਦੀ ਚਰਮ ਸੀਮਾ ਜਿੱਥੇ ਮਾਨਵ ਦੀ ਭਲਾਈ ਲਈ ਅਤਿ ਉੱਤਮ ਤੇ ਸਹਾਇਕ ਸਿੱਧ ਹੋ ਸਕਦੀ ਹੈ, ਉਸ ਤੋਂ ਕਿਤੇ ਜਿਆਦਾ ਇਹ ਮਨੁੱਖਤਾ ਦੇ ਘਾਣ ਲਈ ਨਾਕਾਰਾਤਮਕ ਵੀ ਸਿੱਧ ਹੁੰਦੀ ਹੈ। ਦੋਵਾਂ ਦੇ ਰਖਵਾਲੇ ਇਸ ਦੀ ਵਰਤੋਂ ਵਿਅਕਤੀਗਤ ਹਿੱਤਾਂ ਲਈ ਕਰਕੇ ਵਿਸ਼ਵ ਦਾ ਵਿਨਾਸ਼ ਵੀ ਕਰ ਸਕਦੇ ਹਨ। ਵਿਸ਼ਵ ਪੱਧਰ ਤੇ 5500 ਤੋਂ ਵੱਧ ਇਤਿਹਾਸਿਕ ਲੜਾਈਆਂ ਇਸ ਦਾ ਪ੍ਰਮਾਣ ਹਨ ਕਿ ਕੁਦਰਤੀ ਸਰੋਤਾਂ ਦਾ ਇਸਤੇਮਾਲ ਕੁਦਰਤ ਦੇ ਵਿਨਾਸ਼ ਲਈ ਹੀ ਕੀਤਾ ਗਿਆ। *ਇਨਸਾਨ ਦੇ ਇਤਿਹਾਸ ਵਿੱਚ ਕੁਝ ਹਸਤੀਆਂ ਅਜਿਹੀਆਂ ਵੀ ਆਈਆਂ, ਜਿਨਾਂ ਨੇ ਆਪਣੇ ਬਚਨਾਂ ਅਤੇ ਸ਼ਹੀਦੀਆਂ ਨਾਲ ਸਮਾਜ ਨੂੰ ਕੁਰਾਹੇ ਤੋਂ ਰਾਹੇ ਪਾਉਣ ਦੀ ਯਤਨ ਕੀਤੇ, ਪ੍ਰੰਤੂ ਉਹਨਾਂ ਦੇ ਅਲੋਪ ਹੋਣ ਉਪਰੰਤ ਉਹਨਾਂ ਵੱਲੋਂ ਚਲਾਏ ਧਰਮ ਅਤੇ ਮੱਤਾਂ 'ਤੇ ਕਾਬਜ ਹੋਏ ਲੋਕਾਂ ਨੇ ਫਿਰ ਸੱਤਾ ਦਾ ਹੀ ਸਾਥ ਦਿੱਤਾ।*[9]

ਸੂਰਜ ਕਹਿੰਦਾ ਹੈ,

*ਇੱਕ ਸੁਚੱਜੇ ਅਤੇ ਸੁਹਾਵਣੇ ਸਮਾਜ ਨੂੰ ਫਿਰਕਾਪ੍ਰਸਤ ਧਰਮ, ਉਪਦੇਸ਼ ਜਾਂ ਸੱਤਾਧਾਰੀਆਂ ਦੀ ਲੋੜ ਨਹੀਂ। ਅੱਜ ਦਾ ਸਮਾਜ ਬਿਮਾਰ ਏ। ਇਸ ਨੂੰ ਇਸ ਅੰਦਰ ਲੱਗੇ ਘੁਣ ਖਾ ਚੁੱਕੇ ਹਨ। ਇਸ ਲਈ ਇਸ ਦਾ ਇਖਲਾਕ ਜੋ ਕਦੇ ਇਸ ਦੀ ਨੀਂਹ ਸੀ, ਖੋਖਲਾ ਹੋ ਚੁੱਕਾ ਹੈ। ਇਸ ਲਈ ਹੁਣ ਇਸ ਨੂੰ ਲੋੜ ਹੈ, ਅਜਿਹੇ ਇਲਾਜ ਦੀ ਜੋ ਸਦਾ ਲਈ, ਇਸ ਨੂੰ ਵਿਕਾਸ ਦੀ ਰਾਹ ਤੇ ਹੀ ਤੋਰੀ ਰੱਖੇ, ਤਾਂ ਕਿ ਇਨਸਾਨ ਧਰਤੀ ਤੇ ਬਾਕੀ ਜੀਆਂ ਨਾਲ ਸੱਭਯ ਢੰਗ ਨਾਲ, ਰਹਿ ਸਕੇ ਤੇ ਆਪਣੀ ਬਾਕੀ ਦੀ ਯਾਤਰਾ ਸੁਚੱਜੇ ਢੰਗ ਨਾਲ ਤੈਅ ਕਰ ਸਕੇ।*[10]

ਜਦੋਂ ਇਨਸਾਨ ਆਪਣੇ-ਆਪ ਨੂੰ ਹਰ ਪੱਖੋਂ, ਪੂਰਨ ਬਣਾ ਲਵੇਗਾ, ਓਦੋ ਹੀ ਇਸ ਦੇ ਜੀਵਨ ਦਾ ਮਕਸਦ ਪੂਰਾ ਹੋਏਗਾ। ਪੂਰਨ ਇਨਸਾਨ ਬਣਨ ਲਈ ਇਸ ਅੰਦਰ ਦੋ ਪ੍ਰਣਾਲੀਆਂ ਦਾ ਬਰਾਬਰ ਚਲਣਾ ਬਹੁਤ ਜਰੂਰੀ ਹੈ। *ਗਿਆਨ ਅਤੇ ਵਿਗਿਆਨ। ਗਿਆਨ ਕੁਦਰਤ ਨੂੰ ਸਿਰਜਣ ਵਾਲਾ ਹੈ ਜਦੋਂ ਕਿ ਵਿਗਿਆਨ ਕੁਦਰਤ ਦੀ ਪਹਿਚਾਣ ਕਰਾਉਂਦਾ ਏ। ਕੀ ਕੁਦਰਤ ਦੀ ਸਿਰਜਣਾ ਕਿਸੇ ਦੈਵੀ ਸ਼ਕਤੀ ਨੇ ਕੀਤੀ? ਰੂਸ ਦੇ ਡਾ. ਯਾਕੂਬ ਨੇ ਸਵਾਲ ਕੀਤਾ। ਨਹੀਂ ਡਾਕਟਰ, ਕੁਦਰਤ ਆਪਣੀ ਸਿਰਜਣਾ ਆਪ ਖੁਦ ਕਰਦੀ ਹੈ ਅਤੇ ਆਪਣਾ ਵਿਨਾਸ਼ ਵੀ ਖੁਦ। ਤਾਂ ਗਿਆਨ ਦਾ ਪੱਖ ਕੀ ਹੈ ? ਉਸ ਨੇ ਫਿਰ ਸਵਾਲ ਕੀਤਾ। ਕੁਦਰਤ ਅੰਦਰ ਜੋ ਚੇਤਨਾ ਏ ਉਸ ਨੂੰ ਗਿਆਨ ਆਖਦੇ ਨੇ। ਕੀ ਕੁਦਰਤ ਚੇਤਨ ਏ? ਵਿਗਿਆਨੀ ਅਤੇ ਗਿਆਨੀ ਸਭ ਉਸ ਨੂੰ ਜੜ ਮੰਨਦੇ ਹਨ। ਬ੍ਰਹਮੰਡ ਵਿੱਚ ਜੋ ਜੀਵ-ਅਜੀਵ ਹਨ, ਉਹਨਾਂ ਦੀ ਸਿਰਜਣਾ, ਉਸ ਜੜ ਪ੍ਰਾਣੀ ਦੇ ਬੀਜ ਅੰਦਰ ਜੋ ਯਾਦਾਸ਼ਤ ਹੁੰਦੀ ਹੈ, ਉਸ ਕਾਰਨ ਹੀ ਹੁੰਦੀ ਹੈ।*[11]

ਬਿਬਰਾ ਦਾ ਇਹ ਨਾਵਲ ਆਰਥਿਕ ਪੱਖੋਂ ਸੰਪੰਨ ਤੇ ਸ਼ਕਤੀਸ਼ਾਲੀ ਸਮਾਜਾਂ ਦੀ ਦਾਸਤਾਂ ਬਿਆਨ ਕਰਦਾ ਹੈ ਜਿਸ ਵਿੱਚ ਅਤਿ-ਘ੍ਰਿਣਤ ਤੇ ਪਾਸ਼ਵਿਕ ਬਿਰਤੀਆਂ ਵਾਲੇ ਖੁੱਲੇ ਕਾਮ-ਸੰਬੰਧਾਂ ਦਾ ਬਿੰਬ ਚਿਤਰਿਆ ਗਿਆ ਹੈ। ਅਜਿਹੇ ਵਿਕਸਿਤ ਸਮਾਜਾਂ ਵਿੱਚ ਮਾਨਵੀ ਕਦਰਾਂ-ਕੀਮਤਾਂ ਉਦੋਂ ਢਹਿ-ਢੇਰੀ ਹੋ ਜਾਂਦੀਆਂ ਹਨ, ਜਦੋਂ ਔਰਤ ਨੂੰ ਵਸਤ ਪੱਧਰ ਤੋਂ ਵੀ ਘਟਾ ਕੇ ਖੁੱਲੇ ਕਾਮੁਕ ਸੰਬੰਧਾਂ ਵਿੱਚ ਹੈਵਾਨੀਅਤ ਦੀ ਪੱਧਰ ਤੱਕ ਜਾ ਕੇ ਉਸ ਦੇ ਸਰੀਰ ਦਾ ਸ਼ੋਸ਼ਣ ਕੀਤਾ ਜਾਂਦਾ ਹੈ। ਡਾ. ਟੀ.ਆਰ. ਵਿਨੋਦ ਦੇ ਇਹ ਸ਼ਬਦ ਢੁਕਵੇਂ ਪ੍ਰਤੀਤ ਹੁੰਦੇ ਹਨ,

> *ਵਿਸ਼ਵੀ ਸਾਮਰਾਜ ਅਜੋਕੇ ਸਮਿਆਂ ਦਾ ਅਜਿਹਾ ਭਾਰੂ ਆਰਥਿਕ ਰਾਜਨੀਤਿਕ ਵਰਤਾਰਾ ਹੈ ਜਿਹੜਾ ਪੂਰੀ ਤਰਾਂ ਨਾਲ ਸ਼ੋਸ਼ਣ ਦੇ ਤਰਕ ਉੱਤੇ ਟਿਕਿਆ ਹੋਇਆ ਹੈ। ਇਸ ਵਰਤਾਰੇ ਦੀ ਰਾਜਨੀਤੀ ਨੇ ਸੰਸਾਰ ਪੱਧਰ ਉੱਤੇ ਸੱਤਾ ਦੇ ਸਮੂਹ ਕੇਂਦਰਾਂ, ਸਮਾਜ ਦੀਆਂ ਸਮੂਹ ਸੰਚਨਾਵਾਂ, ਗਿਆਨ ਤੇ ਵਿਗਿਆਨ ਦੇ ਸਮੂਹ ਅਨੁਸ਼ਾਸਨਾ, ਸੂਚਨਾ ਤੇ ਸੰਚਾਰ ਦੇ ਸਮੂਹ ਸਾਧਨਾਂ ਤੇ ਹਰ ਵਿਅਕਤੀ ਦੀ ਨਿੱਜੀ ਜ਼ਿੰਦਗੀ ਦੇ ਸਮੂਹ ਸਰੋਕਾਰਾਂ ਤੇ ਵਿਹਾਰਾਂ ਤੱਕ ਨੂੰ ਪੂਰੀ ਤਰਾਂ ਆਪਣੀ ਗਿਰਫਤ ਵਿੱਚ ਲੈ ਲਿਆ ਹੈ। ਸਾਮਰਾਜੀ ਸੰਸਾਰੀਕਰਨ ਦੀ ਸਰਦਾਰੀ ਭਾਵੇਂ ਇਸ ਵੇਲੇ ਅਮਰੀਕਾ ਕੋਲ ਹੈ ਪਰ ਸਮਾਜਿਕ ਸੱਤਾ ਕਈ ਰੱਖਿਨਿਆਂ ਵਿੱਚ ਵੰਡੀ ਹੋਈ ਹੈ। ਜਿੱਥੋਂ ਤੱਕ ਭਾਰਤ ਦਾ ਸੰਬੰਧ ਹੈ ਇਸ ਮੁਲਕ ਵਿੱਚ ਸੱਤਾ ਦੇ ਕਈ ਕੇਂਦਰ ਹਨ ਜਿਨਾਂ ਵਿੱਚੋਂ ਅਰਥਚਾਰਾ, ਸਿਆਸਤ, ਮਜਹਬ, ਜਾਤ-ਪਾਤ ਅਤੇ ਰਾਸ਼ਟਰਵਾਦ ਪ੍ਰਮੁੱਖ ਹਨ। ਭਾਰਤ ਦੇ ਪਿਛੜੇਵੇ ਦੇ ਮਾਰੇ ਹੋਏ ਪੂੰਜੀਵਤ ਢਾਂਚੇ ਵਿੱਚ ਆਰਥਿਕ ਲੁੱਟ-ਖਸੁੱਟ ਨੂੰ ਕਾਇਮ ਰੱਖਣ ਲਈ ਕਈ ਤਰ੍ਹਾਂ ਦੀਆਂ ਸਮਾਜੀ ਵੰਡੀਆਂ ਤੋਂ ਕੰਮ ਲਿਆ ਜਾਂਦਾ।*[12]

ਇਹ ਸ਼ੋਸ਼ਣ ਉਸ ਦੀ ਆਰਥਿਕ ਥੋੜ ਦੀ ਹੋੜ ਵਿੱਚੋਂ ਬਹੁਤਾਤ ਵਾਲੇ ਸਮਾਜਾਂ ਦੁਆਰਾ ਕੀਤਾ ਜਾਂਦਾ ਹੈ, ਜਿਹੜੇ ਉਸ ਨੂੰ ਸਿਰਫ ਭੋਗਣ ਦੀ ਵਸਤ ਸਮਝਦੇ ਹਨ। ਬਿਬਰਾਂ ਦਾ ਇਹ ਨਾਵਲ ਆਦਿ ਕਾਲ ਤੋਂ ਲੈ ਕੇ ਹੁਣ ਤੱਕ ਦੇ ਹੋਏ ਵਿਕਾਸ ਕ੍ਰਮ ਉੱਤੇ ਇੱਕ ਪ੍ਰਸ਼ਨ ਚਿੰਨ ਵੀ ਲਗਾਉਂਦਾ ਹੈ ਕਿ, ਜਿਸ ਵਿੱਚ ਉਹ ਸਨਾਤਨੀ ਪਰੰਪਰਾ ਅਤੇ ਅਧਿਆਤਮ ਦੇ ਗਿਆਨ ਤੋਂ ਲੈ ਕੇ ਵਿਗਿਆਨ ਤੱਕ ਦੇ ਸਮੁੱਚੇ ਕਲੈਵਰ ਨੂੰ ਪਕੜ ਕੇ ਉਸ ਉੱਤੇ ਕਰਾਰੀ ਚੋਟ ਕਰਦਾ ਹੈ ਕਿ ਮਨੁੱਖ ਦਾ ਇਹ ਵਿਕਾਸ ਉਦੋਂ ਤੱਕ ਅਧੂਰਾ ਹੈ ਜਦੋਂ ਤੱਕ ਉਹ ਆਪਣੀਆਂ ਕਾਮ ਵਾਸਨਾਵਾਂ ਤੋਂ ਉੱਪਰ ਉੱਠ ਕੇ ਇੱਕ ਸੱਭਯ ਸਮਾਜ ਦੀ ਸਿਰਜਣਾ ਨਹੀਂ ਕਰ ਲੈਂਦਾ। *ਨਾਵਲ ਵਿੱਚ ਪੇਸ਼ ਨਾਵਲਕਾਰ ਦੀ ਰਚਨਾ ਦ੍ਰਿਸ਼ਟੀ ਇਸ ਮੁੱਲ ਪ੍ਰਤਿ ਆਦਰਸ਼ਵਾਦੀ ਹੁੰਗਾਰੇ ਤੋਂ ਮੁਨਕਰ ਨਹੀਂ। ਵਿਗਿਆਨ ਦੀ ਵਿਨਾਸ਼ਕਾਰੀ ਭੂਮਿਕਾ ਲਈ ਵਿਗਿਆਨੀ ਜਿੰਮੇਵਾਰ ਨਹੀਂ ਹਨ। ਪੂੰਜੀ ਦੀ ਕੇਂਦਰੀਕਰਨ ਦੀ ਨੀਤੀ ਉੱਤੇ ਆਧਾਰਤ ਵਰਗ ਵਿਵਸਥਾ ਵਿੱਚ ਸਰਮਾਇਆਦਾਰੀ ਜਮਾਤ ਵਿਗਿਆਨਿਕ ਖੋਜਾਂ ਨੂੰ ਆਪਣੇ ਨਿੱਜੀ ਮੁਨਾਫੇ ਅਤੇ ਨਿੱਜੀ ਹਿੱਤਾਂ ਦੀ ਸੁਰੱਖਿਆ ਲਈ ਇੱਕ ਸ਼ਕਤੀ ਵਜੋਂ ਵਰਤਦੀ ਹੈ। ਵਿਗਿਆਨ ਦੁਆਰਾ ਸਿਰਜੀ ਸ਼ਕਤੀ ਨੂੰ ਵਿਨਾਸ਼ਕਾਰੀ ਰੂਪ ਦੇ ਕੇ ਉਹ ਡਰ ਤੇ ਧੌਂਸ ਦਾ ਵਾਤਾਵਰਨ ਸਿਰਜਦੀ ਹੈ ਅਤੇ ਇਸੇ ਆੜ ਵਿੱਚ ਦੂਜੀਆਂ ਕੌਮਾਂ ਦਾ ਸ਼ੋਸ਼ਣ ਕਰਦੀ ਹੈ।*[13] ਕਾਮ ਵਾਸਨਾਵਾਂ ਵਿੱਚ ਗ੍ਰਸਤ ਸਮਾਜ ਅਧੂਰੇ ਤੇ ਅਪੂਰਨ ਹਨ ਜਿਹੜੇ ਆਪਣੇ ਹਿੱਤਾਂ ਦੀ ਪੂਰਤੀ ਲਈ ਪਹਿਲਾਂ ਧਾਰਮਿਕ ਪੱਧਰ ਉੱਤੇ ਚਲਾਏ ਮੱਤਾਂ ਅਤੇ ਮੱਠਾਂ ਨੂੰ ਆਪਣੇ ਨਾਲ ਸ਼ਾਮਿਲ ਕਰਦੇ ਹਨ ਅਤੇ ਉਹੀ ਸਮਾਜ ਵਿਕਸਿਤ ਪੂੰਜੀਵਾਦੀ ਵਿਵਸਥਾ ਅੰਦਰ ਜਾ ਕੇ ਵਿਗਿਆਨਿਕ ਕਾਢਾਂ ਨੂੰ ਵੀ ਆਪਣੇ ਵਿਅਕਤੀਗਤ ਹਿੱਤਾਂ ਦੀ ਹੋੜ ਲਈ ਵਰਤਦੇ ਹਨ। ਦੋਵਾਂ ਦਾ ਲਕਸ਼ ਪੂੰਜੀ ਦੇ ਕੇਂਦਰੀਕਰਨ ਉੱਤੇ ਅਧਾਰਤ ਹੈ ਤੇ ਦੋਵਾਂ ਦਾ ਪ੍ਰਯੋਗ ਇਸ ਦੀ ਦੁਰਵਰਤੋ ਲਈ ਹੁੰਦਾ ਹੈ। ਪ੍ਰੰਤੂ ਬਿਬਰਾ ਦਾ ਇਹ ਨਾਵਲ ਅਧਿਆਤਮ ਤੇ ਵਿਗਿਆਨਿਕਤਾ ਵਿੱਚ ਕੋਈ ਵਿਰੋਧ ਉਤਪੰਨ ਨਹੀਂ ਕਰਦਾ, ਸਗੋਂ ਦੋਵਾਂ ਨੂੰ ਇੱਕ ਦੂਜੇ ਦੇ ਪੂਰਕ ਵਜੋਂ ਪੇਸ਼ ਕਰਦਾ ਹੋਇਆ ਉਸ ਦੀ ਸਾਕਾਰਾਤਮਕ ਭੂਮਿਕਾ ਦੇ ਰੂ-ਬ-ਰੂ ਕਰਵਾਉਣ ਦਾ ਮਾਰਗ ਦਰਸ਼ਨ ਨਿਰਧਾਰਤ ਕਰਦਾ ਹੈ। ਇਹ ਮਾਰਗ ਓਦੋਂ ਹੀ ਸੰਪੰਨਤਾ ਵਿਚ ਸਾਕਾਰ ਰੂਪ 'ਚ ਸੁਦ੍ਰਿੜ ਹੋਵੇਗਾ, ਜਦੋਂ ਵਿਗਿਆਨ ਪੱਧਰ 'ਤੇ ਕੀਤੀ ਗਈ ਹਰ ਨਵੀਂ ਖੋਜ ਸਮਾਜਕਤਾ ਤੇ ਸਭਿਅਤਾ ਲਈ ਸਮੁੱਚੀ ਦੁਨੀਆਂ ਦੀ ਭਲਾਈ ਲਈ ਇਸਤੇਮਾਲ ਹੋਵੇਗੀ। ਬਿਬਰਾ ਦਾ ਇਹ ਨਾਵਲ ਅਧਿਆਤਮ ਤੇ ਵਿਗਿਆਨ ਵਿਚਲੇ ਅੰਤਰ ਨੂੰ ਨਿਰਧਾਰਿਤ ਨਹੀਂ ਕਰਦਾ, ਸਗੋਂ ਦੋਵਾਂ ਵਿਚਲੀ ਪਰਤ ਦੀ ਸਾਕਾਰਤਮਕਤਾ ਭੂਮਿਕਾ ਹੀ ਇਸ ਦੀ ਅਸਲ ਪ੍ਰਾਪਤੀ ਹੈ ਜਿਹੜੀ ਮਨੁੱਖ ਅਤੇ ਮਨੁੱਖੀ ਸਭਿਅਤਾ ਲਈ ਇਕ ਵਰਦਾਨ ਸਾਬਿਤ ਹੋਵੇਗੀ।

## ਹਵਾਲਾ ਗ੍ਰੰਥ

1. **ਦਵੇਸ਼ਵਰ**, ਡਾ. **ਸੁਰਿੰਦਰ ਕੁਮਾਰ**, ***ਸਮਾਜ ਸੱਤਾ ਤੇ ਸਮਕਾਲੀ ਨਾਵਲ***, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ,2006
2. **ਦਵੇਸ਼ਵਰ**, **ਡਾ. ਸੁਰਿੰਦਰ ਕੁਮਾਰ**, *ਨਾਵਲ ਸ਼ਾਸ਼ਤਰ ਤੇ ਪੰਜਾਬੀ ਨਾਵਲ*, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ,2002
3. **ਬਿਬਰਾ , ਰਾਜਿੰਦਰ**, ***ਨਵਾਂ ਸਿਰਜਿਆ ਮਨੁੱਖ***, ਲਿਟਰੇਚਰ ਹਾਊਸ ਪੁਤਲੀਘਰ, ਅੰਮ੍ਰਿਤਸਰ 1998.
4. **ਦਵੇਸ਼ਵਰ**, ਡਾ. **ਸੁਰਿੰਦਰ ਕੁਮਾਰ** , ***ਵਿਸ਼ਵੀਕਰਨ ਦਾ ਪ੍ਰਵਚਨ ਤੇ ਪੰਜਾਬੀ ਨਾਵਲ***, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ,2019